**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ),**
**ਸਮੂਹ ਸਕੂਲ ਮੁਖੀ**
**ਪੰਜਾਬ।**

**ਮੀਮੋ ਨੰ:-** SCERT/PPP/2019/29915864 **ਮਿਤੀ:-** 11.1.2019

**ਵਿਸ਼ਾ:- ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦਾ ਜਨਮ ਦਿਨ ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਕਿ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸਮੇਂ-ਸਮੇਂ ਸਿਰ ਵੱਖ-ਵੱਖ ਗਤੀਵਿਧੀਆਂ ਰਾਹੀਂ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਇਸ ਨਾਲ ਜਿੱਥੇ ਵਿਦਿਆਰਥੀਆਂ ਦੀ ਸਕੂਲ ਅੰਦਰ ਦਿਲਚਸਪੀ ਵਧਦੀ ਹੈ, ਉੱਥੇ ਇਸ ਦੇ ਨਤੀਜੇ ਵੀ ਸਾਰਥਕ ਮਿਲਦੇ ਹਨ। ਇਸ ਤਹਿਤ ਵਿਭਾਗ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦਾ ਜਨਮ ਦਿਨ ਵੀ ਮਨਾਇਆ ਜਾਣਾ ਜ਼ਰੂਰੀ ਹੈ। ਇਸ ਤਰ੍ਹਾਂ ਦੇ ਉਪਰਾਲਿਆਂ ਦੇ ਨਾਲ ਬੱਚਿਆਂ ਦੇ ਮਨੋਬਲ ਵਿੱਚ ਵਾਧਾ ਹੋਵੇਗਾ ਅਤੇ ਉਹਨਾਂ ਅੰਦਰ ਆਤਮ ਵਿਸ਼ਵਾਸ ਪੈਦਾ ਹੋਵੇਗਾ । ਇਸ ਲਈ ਜੇਕਰ ਸਕੂਲ ਵਿੱਚ ਪੜ੍ਹਦੇ ਕਿਸੇ ਬੱਚੇ ਦਾ ਜਨਮ ਦਿਨ ਆਉਂਦਾ ਹੈ ਤਾਂ ਉਸ ਦਿਨ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਉਣ ਲਈ ਯਤਨ ਜ਼ਰੂਰ ਕੀਤੇ ਜਾਣ:-

2.1 ਬੱਚੇ ਦੀ ਜ਼ਿੰਦਗੀ ਵਿੱਚ ਬੱਚੇ ਦਾ ਜਨਮ ਦਿਨ ਅਹਿਮ ਹੁੰਦਾ ਸੋ ਸਵੇਰ ਦੀ ਸਭਾ ਦੌਰਾਨ ਸਾਰੇ ਅਧਿਆਪਕਾਂ ਅਤੇ ਬੱਚਿਆਂ ਵੱਲੋਂ ਬੱਚੇ ਨੂੰ ਜਨਮ ਦਿਨ ਮੁਬਾਰਕਬਾਦ ਦਿੱਤੀ ਜਾਵੇ।

2.2 ਜਿਸ ਬੱਚੇ ਦਾ ਜਨਮ ਦਿਨ ਹੋਵੇ ਉਸ ਦਿਨ ਸਵੇਰ ਦੀ ਸਭਾ ਦੌਰਾਨ ਜਨਮ ਦਿਨ ਵਾਲੇ ਬੱਚੇ ਦੀ ਸ਼ਖਸ਼ੀਅਤ, ਪ੍ਰਾਪਤੀਆਂ, ਖੇਡਾਂ, ਵਿੱਦਿਅਕ ਗਤੀਵਿਧੀਆਂ ਆਦਿ ਬਾਕੀ ਬੱਚਿਆਂ ਨਾਲ ਸਾਂਝੀਆਂ ਕੀਤੀਆਂ ਜਾਣ।

2.3 ਸਕੂਲ ਵਿੱਚ ਜਿੱਥੇ ਖ਼ਬਰਾਂ, ਅੱਜ ਦਾ ਵਿਚਾਰ ਆਦਿ ਬਲੈਕ ਬੋਰਡ ਤੇ ਲਿਖਿਆ ਜਾਂਦਾ ਹੈ ਉਸ ਦਿਨ ਜਨਮ ਦਿਨ ਵਾਲੇ ਬੱਚੇ ਦਾ ਨਾਂ ਵੀ ਉਸ ਬੋਰਡ/ਥਾਂ 'ਤੇ ਜ਼ਰੂਰ ਲਿਖਿਆ ਜਾਵੇ।

2.4 ਬੱਚੇ ਨੂੰ ਯਾਦਗਾਰ ਤੌਰ 'ਤੇ ਕੋਈ ਕਾਰਡ ਜਾਂ ਟੈਗ ਆਦਿ ਦਿੱਤਾ ਜਾ ਸਕਦਾ ਹੈ।

2.5 ਇਸ ਗੱਲ ਨੂੰ ਗੰਭੀਰਤਾ ਨਾਲ ਲਿਆ ਜਾਣਾ ਜ਼ਰੂਰੀ ਹੈ ਕਿ ਬੱਚੇ ਦੇ ਜਨਮ ਦਿਨ ਵਾਲੇ ਦਿਨ ਬੱਚੇ ਤੋਂ ਕੋਈ ਤੋਹਫਾ ਵਗੈਰਾ ਨਾ ਲਿਆ ਜਾਵੇ।

**ਸਕੱਤਰ ਸਕੂਲ ਸਿੱਖਿਆ,ਪੰਜਾਬ।**

ਪਿੱਠ ਅੰਕਣ ਨੰ.

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡੀ.ਪੀ.ਆਈ (ਐ. ਸਿੱ), ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।

-ਸਾ/-

**ਸਕੱਤਰ ਸਕੂਲ ਸਿੱਖਿਆ,ਪੰਜਾਬ।**